B.C.M.SCHOOL,BASANT AVENUE, DUGRI, LUDHIANA
ਜਮਾਤ ਸੱਤਵੀਂ ਵਿਸ਼ਾ ਪੰਜਾਬੀ

ਪ੍ਰ:-ਦੁੱਧ ਵੇਚਣ ਵਾਲੀ ਲੜਕੀ ਨੂੰ ਕੀ ਕਹਿੰਦੇ ਹਨ?

ਉੱ:-ਦੋਧਣ

ਪ੍ਰ:-ਕਿਸ ਮੰਦਰ ਦੇ ਬਾਹਰ ਕਰਮਚਾਰੀ ਕਿਉਂ ਕੁਰਸੀਆਂ ਡਾਹੀ ਬੈਠੇ ਸਨ?

ਉੱ:-ਸ਼ਿਵ ਮੰਦਰ

ਪ੍ਰ:-ਪੰਝੀ ਸ਼ਬਦ ਨੂੰ ਅੰਕਾਂ ਵਿੱਚ ਲਿਖੋ?

ਉੱ:-25

ਪ੍ਰ:-ਲੜਕੀਆਂ ਅੱਜ ਕੱਲ ਕੀ- ਕੀ ਕੰਮ ਕਰ ਰਹੀਆਂ ਹਨ?

ਉੱ:-ਲੜਕੀਆਂ ਅੱਜ ਕੱਲ ਹਰ ਕੰਮ ਕਰ ਰਹੀਆਂ ਹਨ।

ਪ੍ਰ:-ਸ਼ੁੱਧ ਸ਼ਬਦ ਜੋੜ ਲਿਖੋ

ਸਾਇਕਲ, ਟਰੇਨਿਗ, ਤਾਤਾ, ਸ਼ਗਫਤਾਂ, ਰਾਊਡ

ਉੱ:-ਸਾਈਕਲ, ਟਰੇਨਿੰਗ, ਸ਼ਗੁਫਤਾ, ਤਾਂਤਾ,ਰਾਊਂਡ

ਪ੍ਰ:-ਸਰਦਾਰ ਉਧਮ ਸਿੰਘ ਕਿੱਥੋਂ ਦਾ ਜੰਮ ਪਲ ਸੀ?

ਉੱ:-ਸੰਗਰੂਰ ਦੇ ਕਸਬੇ ਸੁਨਾਮ।

ਪ੍ਰ:-ਸਰਦਾਰ ਊਧਮ ਸਿੰਘ ਨੇ ਕੀ ਸਹੁੰ ਖਾਧੀ ਸੀ?

ਉੱ :-ਜਲਿਆਂ ਵਾਲੇ ਬਾਗ ਵਿੱਚ ਹੋਏ ਸਾਕੇ ਦਾ ਬਦਲਾ ਲੈਣ ਦੀ

ਪ੍ਰ:-ਜਲਿਆਂ ਵਾਲਾ ਬਾਗ ਕਿੱਥੇ ਹੈ?

ਉੱ:-ਅੰਮ੍ਰਿਤਸਰ ਵਿੱਚ।

ਪ੍ਰ:-ਪੰਜਾਬ ਦੇ ਮਹਾਨ ਸ਼ਹੀਦਾਂ ਦੇ ਨਾਮ ਦੱਸੋ?

ਉੱ:-ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਰਾਜਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ।

ਪ੍ਰ:-ਯਤੀਮਖਾਨਾ ਦਾ ਸਮਾਨਾਰਥਕ ਸ਼ਬਦ ਲਿਖੋ।

ਉੱ:-ਅਨਾਥ, ਬੇਸਹਾਰਾ

ਪ੍ਰ:-ਅਣਡਿੱਠਾ ਪੈਰਾ:-

ਟੈਲੀਵਿਜ਼ਨ ਵਿਗਿਆਨ ਦੀ ਅਨੋਖੀ ਕਾਢ ਹੈ। ਇਹ ਆਮ ਜਾਣਕਾਰੀ ਦਾ ਵਧੀਆ ਸਾਧਨ ਹੈ। ਇਸ ਉੱਪਰ ਚੱਲ ਰਹੇ ਪ੍ਰੋਗਰਾਮ ਅਤੇ ਫਿਲਮਾਂ ਸਾਡਾ ਖੂਬ ਮਨੋਰੰਜਨ ਕਰਦੇ ਹਨ। ਟੈਲੀਵਿਜ਼ਨ ਤੇ

ਆਉਣ ਵਾਲੀਆਂ ਖਬਰਾਂ ਦਾ ਸਿੱਧਾ ਪ੍ਰਸਾਰਨ ਵੀ ਚੱਲਦਾ ਹੈ। ਵਪਾਰੀ ਲੋਕ ਆਪਣੇ ਮਾਲ ਦੀ ਮਸ਼ਹੂਰੀ ਵਿਗਿਆਪਨ ਦੇ ਰੂਪ ਵਿੱਚ ਟੈਲੀਵਿਜ਼ਨ ਰਾਹੀਂ ਕਰਦੇ ਹਨ। ਟੈਲੀਵਿਜ਼ਨ ਨੂੰ ਜਰੂਰਤ ਤੋਂ ਵੱਧ ਦੇਖਣ ਨਾਲ ਸਮੇਂ ਤੇ ਸਿਹਤ ਦੋਵੇਂ ਖਰਾਬ ਹੁੰਦੇ ਹਨ। ਵਿਦਿਆਰਥੀ ਜੀਵਨ ਵਿੱਚ ਇਸ ਦਾ ਮਾੜਾ ਅਸਰ ਦੇਖਣ ਨੂੰ ਮਿਲਦਾ ਹੈ।

ਪ੍ਰ:-ਟੈਲੀਵਿਜ਼ਨ ਕਿਸ ਦੀ ਕਾਢ ਹੈ?

ਉੱ :-ਵਿਗਿਆਨ ਦੀ

ਪ੍ਰ:-ਟੈਲੀਵਿਜ਼ਨ ਤੋਂ ਸਾਡਾ ਮਨੋਰੰਜਨ ਕਿਵੇਂ ਹੁੰਦਾ ਹੈ?

ਉੱ:-ਪ੍ਰੋਗਰਾਮ ਅਤੇ ਫਿਲਮਾਂ ਤੋਂ

ਪ੍ਰ:-ਵਪਾਰੀ ਲੋਕ ਆਪਣੇ ਮਾਲ ਦੀ ਮਸ਼ਹੂਰੀ ਟੀਵੀ ਰਾਹੀਂ ਕਿਵੇਂ ਕਰਦੇ ਹਨ?

ਉੱ:-ਵਿਗਿਆਪਨ ਦੇ ਰੂਪ ਵਿੱਚ

ਪ੍ਰ:-ਟੈਲੀਵਿਜ਼ਨ ਜ਼ਰੂਰਤ ਤੋਂ ਵੱਧ ਦੇਖਣ ਨਾਲ ਸਾਡਾ ਕੀ ਕੀ ਖਰਾਬ ਹੁੰਦਾ ਹੈ?

ਉੱ:-ਸਮਾਂ ਤੇ ਸਿਹਤ

ਪ੍ਰ:-ਵਿਦਿਆਰਥੀ ਜੀਵਨ ਵਿੱਚ ਟੀਵੀ ਦਾ ਕਿਹੋ ਜਿਹਾ ਅਸਰ ਹੁੰਦਾ ਹੈ?

ਉੱ:-ਮਾੜਾ ਅਸਰ